# ਸੈਕਸੁਅਲ ਓਰੀਐਨਟੇਸ਼ਨ ਅਤੇ ਜੈਂਡਰ ਆਇਡੈਂਟਿਟੀ (SOGI)

# ਸੱਚਾਈ ਕੀ ਹੈ?

---

SOGI ਨੂੰ ਸ਼ਾਮਲ ਕਰਨ ਵਾਲੀ ਸਿੱਖਿਆ ਬਾਰੇ ਬਾਹਰ ਬਹੁਤ ਸਾਰੀ ਗਲਤ ਜਾਣਕਾਰੀ ਹੈ।
ਅਸੀਂ ਚਾਹੁੰਦੇ ਸੀ ਕਿ ਤੁਹਾਡੇ ਕੋਲ ਸੱਚਾਈ ਇੱਕੋ ਜਗ੍ਹਾ ਹੋਵੇ।
ਇਹ ਮਾਤਾ-ਪਿਤਾ ਅਤੇ ਕਮਿਊਨਿਟੀ ਮੈਂਬਰਾਂ ਨੂੰ ਇਹ ਸਮਝਣ ਵਿੱਚ ਸਹਾਇਤਾ ਕਰੇਗਾ ਕਿ ਜਦੋਂ ਬੀ.ਸੀ. ਸਕੂਲਾਂ ਵਿੱਚ SOGI ਦੀ ਗੱਲ ਆਉਂਦੀ ਹੈ ਤਾਂ ਸੱਚਾਈ ਕੀ ਹੈ।

**SOGI ਕਿਉਂ?**

SOGI ਬੁਲਿੰਗ ਨੂੰ ਰੋਕਣ ਅਤੇ ਸਕੂਲਾਂ ਨੂੰ ਹਰ ਕਿਸੇ ਲਈ ਸਵਾਗਤ ਕਰਨ ਵਾਲਾ ਸਥਾਨ ਬਣਾਉਣ ਬਾਰੇ ਹੈ। ਇਹ ਹਰ ਕਿਸੇ ਨੂੰ ਉਹ ਜੋ ਹਨ ਲਈ ਸਵੀਕਾਰ ਕਰਨ ਬਾਰੇ ਹੈ। ਅਸੀਂ ਇਕ ਅਜਿਹੇ ਦੇਸ਼ ਵਿਚ ਰਹਿੰਦੇ ਹਾਂ ਜਿੱਥੇ ਹਰ ਕੋਈ ਆਪਣੀ ਜਾਤ, ਧਰਮ, ਲਿੰਗ ਪਛਾਣ ਜਾਂ ਜਿਨਸੀ ਰੁਝਾਨ ਦੀ ਪਰਵਾਹ ਕੀਤੇ ਬਿਨਾਂ ਆਜ਼ਾਦੀ ਨਾਲ ਰਹਿ ਸਕਦਾ ਹੈ। SOGI ਅਧਿਆਪਕਾਂ ਨੂੰ ਉਹ ਸਾਧਨ (ਜਿਵੇਂ ਕਿ ਕਿਤਾਬਾਂ ਅਤੇ ਗਤੀਵਿਧੀਆਂ) ਦੇਣ ਬਾਰੇ ਹੈ ਜੋ ਬੱਚਿਆਂ ਨੂੰ ਸਿਖਾਉਂਦੇ ਹਨ ਕਿ ਉਹ ਦੂਜਿਆਂ ਨਾਲ ਉਹ ਜੋ ਹਨ ਹੋਣ ਲਈ ਬੁਲਿੰਗ ਨਾ ਕਰਨ।

ਅਸੀਂ ਜਾਣਦੇ ਹਾਂ ਕਿ ਵਿਦਿਆਰਥੀ ਸਕੂਲ ਵਿਚ ਬਿਹਤਰ ਕਰਦੇ ਹਨ ਜਦੋਂ ਉਹ ਸਵੀਕਰਿਤ ਅਤੇ ਜਿਵੇਂ ਕਿ ਉਹ ਆਪਣੇ ਸਕੂਲ ਕਮਿਊਨਿਟੀ ਨਾਲ ਸਬੰਧਤ ਹਨ ਮਹਿਸੂਸ ਕਰਦੇ ਹਨ। ਜਦੋਂ ਵਿਦਿਆਰਥੀ ਸੁਰੱਖਿਅਤ ਮਹਿਸੂਸ ਕਰਦੇ ਹਨ, ਤਾਂ ਉਨ੍ਹਾਂ ਦੀ ਹਰ ਰੋਜ਼ ਸਕੂਲ ਆਉਣ, ਅਕਾਦਮਿਕ ਤੌਰ 'ਤੇ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਅਤੇ ਸਮੁੱਚੇ ਤੌਰ 'ਤੇ ਕੁਸ਼ਲਤਾ ਦੀ ਭਾਵਨਾ ਰੱਖਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ।

**ਮਾਤਾ-ਪਿਤਾ ਅਤੇ ਕਮਿਊਨਿਟੀ ਦੇ ਮੈਂਬਰਾਂ ਨੇ SOGI ਬਾਰੇ ਕੁਝ ਗੱਲਾਂ ਸੁਣੀਆਂ ਹੋਣਗੀਆਂ ਜੋ ਸੱਚ ਨਹੀਂ ਹਨ। ਇਹ ਕੁਝ ਆਮ ਗੱਲਾਂ ਹਨ ਜੋ ਤੁਸੀਂ ਸੱਚਾਈ ਦੇ ਨਾਲ ਸੁਣੀਆਂ ਹੋ ਸਕਦੀਆਂ ਹਨ।**

**ਸੱਚ ਨਹੀਂ:** SOGI ਨੂੰ ਪਿਛਲੇ ਕੁਝ ਸਾਲਾਂ ਵਿੱਚ ਚੁੱਪਚਾਪ ਅਤੇ ਗੁਪਤ ਰੂਪ ਵਿੱਚ ਪਾਠਕ੍ਰਮ ਵਿਚ ਸ਼ਾਮਲ ਕੀਤਾ ਗਿਆ ਸੀ ਅਤੇ ਬੱਚਿਆਂ 'ਤੇ ਥੋਪਿਆ ਜਾ ਰਿਹਾ ਹੈ।
**ਸੱਚਾਈ:**
SOGI ਸਾਧਨਾਂ ਦਾ ਇੱਕ ਸਮੂਹ ਹੈ ਜੋ ਅਧਿਆਪਕ ਵਰਤ ਸਕਦੇ ਹਨ ਜਦੋਂ ਉਹ ਬੱਚਿਆਂ ਨੂੰ ਉਨ੍ਹਾਂ ਦੇ ਅੰਤਰਾਂ ਲਈ ਵਿਦਿਆਰਥੀਆਂ ਦੀ ਬੁਲਿੰਗ ਨਾ ਕਰਨ ਬਾਰੇ ਸਿਖਾ ਰਹੇ ਹਨ। ਇਹ 2016 ਤੋਂ ਹੋਂਦ ਵਿੱਚ ਹੈ ਅਤੇ ਸਕੂਲਾਂ ਵਿੱਚ ਵਰਤਿਆ ਜਾਂਦਾ ਰਿਹਾ ਹੈ।
SOGI ਨੂੰ ਸ਼ਾਮਲ ਕਰਨ ਵਾਲੇ ਸਾਧਨ ਉਨ੍ਹਾਂ ਬਹੁਤ ਸਾਰੇ ਟੂਲਾਂ ਵਿੱਚੋਂ ਇੱਕ ਹਨ, ਜੋ ਕਿ ਅਧਿਆਪਕ ਕਲਾਸਰੂਮਾਂ ਨੂੰ ਅਜਿਹੇ ਸਵਾਗਤ ਕਰਨ ਵਾਲੇ ਸਥਾਨ ਬਣਾਉਣ ਲਈ ਵਰਤਦੇ ਹਨ, ਜਿਹੜੇ ਜਾਤ, ਧਰਮ, ਅਤੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਜਾਂ ਇਜ਼ਹਾਰ ਸਮੇਤ ਸਾਡੇ ਸੂਬੇ ਦੀ ਵਿਭਿੰਨਤਾ ਨੂੰ ਦਰਸਾਉਂਦੇ ਹਨ।
ਅਧਿਆਪਕਾਂ ਕੋਲ ਨਸਲਵਾਦ ਵਿਰੋਧੀ ਸਾਧਨ ਵੀ ਹਨ ਜਿੰਨ੍ਹਾਂ ਨੂੰ ਉਹ ਉਨ੍ਹਾਂ ਬੁਲਿੰਗ ਵਿਰੋਧੀ ਪਾਠਾਂ ਦੇ ਹਿੱਸੇ ਵਜੋਂ ਵੀ ਵਰਤ ਸਕਦੇ ਹਨ।

**ਸੱਚ ਨਹੀਂ:** SOGI ਨੂੰ ਸ਼ਾਮਲ ਕਰਨ ਵਾਲੀ ਸਿੱਖਿਆ ਬੱਚਿਆਂ ਨੂੰ ਇਹ ਸੋਚਣ ਲਈ ਉਤਸ਼ਾਹਤ ਕਰਦੀ ਹੈ ਅਤੇ ਉਲਝਾਉਂਦੀ ਹੈ ਕਿ ਉਨ੍ਹਾਂ ਨੂੰ ਲਿੰਗ ਬਦਲਣੇ ਚਾਹੀਦੇ ਹਨ।
**ਸੱਚਾਈ:** SOGI ਨੂੰ ਸ਼ਾਮਲ ਕਰਨ ਵਾਲੀ ਸਿੱਖਿਆ ਕਿਸੇ ਖਾਸ ਪਛਾਣ ਜਾਂ ਰੁਝਾਨ ਨੂੰ ਕਿਸੇ ਹੋਰ ਦੇ ਮੁਕਾਬਲੇ ਉਤਸ਼ਾਹਤ ਨਹੀਂ ਕਰਦੀ ਅਤੇ ਸਾਰੇ ਵਿਦਿਆਰਥੀਆਂ ਲਈ ਉਨ੍ਹਾਂ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ, ਜਾਂ ਉਨ੍ਹਾਂ ਦੇ ਆਪਣੇ ਪਰਿਵਾਰਾਂ ਵਿਚ ਵਿਭਿੰਨਤਾ ਦੀ ਪਰਵਾਹ ਕੀਤੇ ਬਿਨਾਂ, ਸੁਰੱਖਿਅਤ ਅਤੇ ਸੰਮਿਲਿਤ ਵਾਤਾਵਰਣ ਬਣਾਉਣ ਲਈ ਤਿਆਰ ਕੀਤੀ ਗਈ ਹੈ।

SOGI ਨੂੰ ਸ਼ਾਮਲ ਕਰਨ ਵਾਲੀ ਸਿੱਖਿਆ ਦਾ ਟੀਚਾ ਇਹ ਸੁਨਿਸ਼ਚਿਤ ਕਰਕੇ ਵਿਤਕਰੇ ਅਤੇ ਬੁਲਿੰਗ ਨੂੰ ਰੋਕਣਾ ਹੈ ਕਿ ਕਲਾਸਰੂਮ ਦੇ ਸਾਧਨ ਹਰ ਕਿਸਮ ਦੇ ਪਿਛੋਕੜਾਂ ਤੋਂ ਲੋਕਾਂ ਨੂੰ ਦਰਸਾਉਂਦੇ ਹਨ ਅਤੇ ਅਧਿਆਪਕਾਂ ਨੂੰ 2SLGBTQ+ ਲੋਕਾਂ ਦੁਆਰਾ ਦਰਪੇਸ਼ ਤਜ਼ਰਬਿਆਂ ਅਤੇ ਚੁਣੌਤੀਆਂ ਬਾਰੇ ਗੱਲ ਕਰਨ ਦੇ ਮੌਕੇ ਦਿੰਦੇ ਹਨ।

**ਸੱਚ ਨਹੀਂ:** SOGI ਨੂੰ ਸ਼ਾਮਲ ਕਰਨ ਵਾਲੇ ਸਾਧਨਾਂ ਅਤੇ ਕਿਤਾਬਾਂ ਵਿੱਚ ਅਸ਼ਲੀਲ ਅਤੇ ਜਿਨਸੀ ਤੌਰ 'ਤੇ ਸਪਸ਼ਟ ਸਮਗਰੀ (explicit content) ਹੁੰਦੀ ਹੈ।

**ਸੱਚਾਈ:** ਬੀ.ਸੀ ਦੇ K-12 ਪਾਠਕ੍ਰਮ ਵਿੱਚ ਕੋਈ ਅਸ਼ਲੀਲ ਜਾਂ ਜਿਨਸੀ ਤੌਰ 'ਤੇ ਸਪਸ਼ਟ ਸਮਗਰੀ ਨਹੀਂ ਹੈ। ਕਲਾਸਰੂਮਾਂ ਜਾਂ ਲਾਇਬ੍ਰੇਰੀਆਂ ਵਿਚਲੀਆਂਸਾਰੀਆਂ ਕਿਤਾਬਾਂ ਨੂੰ ਸਕੂਲਾਂ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਉਹ ਸਾਰੀਆਂ ਉਮਰ ਦੇ ਅਨੁਕੂਲ ਹਨ।
SOGI ਨੂੰ ਸ਼ਾਮਲ ਕਰਨ ਵਾਲੀ ਸਿੱਖਿਆ ਅਤੇ ਸਾਧਨ ਵੱਖ-ਵੱਖ ਕਿਸਮ ਦੇ ਪਰਿਵਾਰਾਂ ਅਤੇ ਨਿੱਜੀ ਪਛਾਣਾਂ, ਰੂੜ੍ਹੀਵਾਦੀ ਵਿਚਾਰਾਂ (stereotypes), ਬੁਲਿੰਗ, ਅਤੇ ਬੁਰਾ ਭਲਾ ਕਹਿਣ ਵਰਗੇ ਵਿਸ਼ਿਆਂ ਨੂੰ ਸੰਬੋਧਿਤ ਕਰਦੇ ਹਨ।

**ਸੱਚ ਨਹੀਂ:** SOGI ਨੂੰ ਸ਼ਾਮਲ ਕਰਨ ਵਾਲੀ ਸਿੱਖਿਆ ਮਾਤਾ-ਪਿਤਾ ਤੋਂ ਇਹ ਜਾਣਨ ਦਾ ਅਧਿਕਾਰ ਖੋਹ ਲੈਂਦੀ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਕੀ ਸਿਖਾਇਆ ਜਾ ਰਿਹਾ ਹੈ।
**ਸੱਚਾਈ:** ਮਾਤਾ-ਪਿਤਾ ਨੂੰ ਹਮੇਸ਼ਾਂ ਇਹ ਜਾਣਨ ਦਾ ਅਧਿਕਾਰ ਹੁੰਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਕੀ ਸਿਖਾਇਆ ਜਾ ਰਿਹਾ ਹੈ। ਜੇ ਮਾਤਾ-ਪਿਤਾ ਦੇ ਕੋਈ ਪ੍ਰਸ਼ਨ ਹਨ, ਤਾਂ ਉਨ੍ਹਾਂ ਨੂੰ ਜੋ ਸਿਖਾਇਆ ਜਾ ਰਿਹਾ ਹੈ ਬਾਰੇ ਜਾਣਨ ਲਈ ਸਿੱਧੇ ਤੌਰ 'ਤੇ ਅਧਿਆਪਕ ਨਾਲ ਗੱਲ ਕਰਨੀ ਚਾਹੀਦੀ ਹੈ। SOGI ਨੂੰ ਸ਼ਾਮਲ ਕਰਨ ਵਾਲੀ ਸਿੱਖਿਆ ਸਹਿਣਸ਼ੀਲਤਾ ਅਤੇ ਆਦਰ ਦੇ ਮੁੱਲਾਂ ਦੇ ਨਾਲ ਨਾਲ ਸਾਰੇ ਲੋਕਾਂ ਦੀ ਸਵੀਕ੍ਰਿਤੀ ਸਿਖਾਉਣ ਲਈ ਮਾਤਾ-ਪਿਤਾ ਦੇ ਆਪਣੇ ਯਤਨਾਂ ਦਾ ਸਮਰਥਨ ਕਰਨ ਲਈ ਇੱਛਿਤ ਹੈ। ਇਹ ਮਾਤਾ-ਪਿਤਾ ਦੇ ਅਧਿਕਾਰਾਂ ਨੂੰ ਕਮਜ਼ੋਰ ਨਹੀਂ ਕਰਦੀ ਬਲਕਿ ਸਾਰੇ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਵਿਭਿੰਨਤਾ ਅਤੇ ਸ਼ਮੂਲੀਅਤ ਦੀ ਵਧੇਰੇ ਸਮਝ ਵਿੱਚ ਯੋਗਦਾਨ ਪਾਉਂਦੀ ਹੈ।

**ਸੱਚ ਨਹੀਂ:** SOGI ਨੂੰ ਸ਼ਾਮਲ ਕਰਨ ਵਾਲੀ ਸਿੱਖਿਆ ਜਿਨਸੀ ਸਿਹਤ ਸਿੱਖਿਆ ਦੇ ਸਮਾਨ ਹੈ।
**ਸੱਚਾਈ:** ਜਿਨਸੀ ਸਿਹਤ ਸਿੱਖਿਆ ਨੂੰ ਵੱਖਰੇ ਤੌਰ 'ਤੇ ਸਿਖਾਇਆ ਜਾਂਦਾ ਹੈ ਅਤੇ ਉਹ ਖਾਸ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੀ ਹੈ। ਸਰੀਰਕ ਅਤੇ ਸਿਹਤ ਸਿੱਖਿਆ ਪਾਠਕ੍ਰਮ ਜਵਾਨੀ, ਪ੍ਰਜਨਨ ਸਿਹਤ ਅਤੇ ਜਿਨਸੀ ਸਿੱਖਿਆ ਦੇ ਨਾਲ ਨਾਲ ਉਮਰ ਦੇ ਅਨੁਕੂਲ ਢੰਗਾਂ ਨਾਲ ਸਿਹਤਮੰਦ ਅਤੇ ਕਿਰਿਆਸ਼ੀਲ ਜੀਵਨ ਨੂੰ ਕਵਰ ਕਰਨਾ ਜਾਰੀ ਰੱਖਦਾ ਹੈ। ਜੇ ਉਹ ਅਸੁਖਾਵੇਂ ਹਨ, ਤਾਂ ਮਾਤਾ-ਪਿਤਾ ਕੋਲ ਹਮੇਸ਼ਾਂ ਇਹ ਫੈਸਲਾ ਕਰਨ ਦਾ ਵਿਕਲਪ ਹੁੰਦਾ ਹੈ ਕਿ ਉਨ੍ਹਾਂ ਦੇ ਬੱਚੇ ਇੰਨ੍ਹਾਂ ਪਾਠਾਂ ਵਿਚ ਹਿੱਸਾ ਲੈਂਦੇ ਹਨ ਜਾਂ ਨਹੀਂ।

SOGI ਸਾਧਨਾਂ ਦਾ ਇੱਕ ਸਮੂਹ ਹੈ, ਜਿਸਦੀ ਵਰਤੋਂ ਅਧਿਆਪਕ ਇਹ ਯਕੀਨੀ ਬਣਾਉਣ ਲਈ ਕਰ ਸਕਦੇ ਹਨ ਕਿ ਉਨ੍ਹਾਂ ਦੇ ਕਲਾਸਰੂਮ ਸਵੀਕਾਰ ਕਰਨ ਵਾਲੇ ਅਤੇ ਆਦਰ ਅਤੇ ਸਬੰਧਤ ਹੋਣ ਦੀ ਭਾਵਨਾ 'ਤੇ ਅਧਾਰਿਤ ਹਨ।

**ਜੇ ਤੁਹਾਡੇ ਆਪਣੇ ਬੱਚੇ ਦੀ ਸਿੱਖਿਆ ਬਾਰੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਉਨ੍ਹਾਂ ਦੇ ਅਧਿਆਪਕ ਜਾਂ ਸਕੂਲ ਦੇ ਪ੍ਰਿੰਸੀਪਲ ਨਾਲ ਗੱਲ ਕਰੋ। ਅਸੀਂ ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲਿਆਂ ਨਾਲ ਖੁੱਲ੍ਹੇ ਸੰਚਾਰ ਦੀ ਕਦਰ ਕਰਦੇ ਹਾਂ ਅਤੇ ਉਸ ਨੂੰ ਉਤਸ਼ਾਹਿਤ ਕਰਦੇ ਹਾਂ, ਅਤੇ ਅਸੀਂ ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲਿਆਂ ਦੀ ਉਸ ਭੂਮਿਕਾ ਦਾ ਆਦਰ ਕਰਦੇ ਹਾਂ ਜੋ ਉਨ੍ਹਾਂ ਦੇ ਬੱਚਿਆਂ ਦੀ ਪਰਵਰਿਸ਼ ਕਰਨ ਵਿੱਚ, ਅਤੇ ਉਨ੍ਹਾਂ ਦੇ ਵਿਦਿਆਰਥੀ ਦੀ ਸਿਖਲਾਈ ਵਿੱਚ ਸਰਗਰਮ ਭਾਗੀਦਾਰਾਂ ਵਜੋਂ ਹੈ।**